**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਦੇਵਿੰਦਰ ਸਿੰਘ,
ਪੁੱਤਰ ਸ਼੍ਰੀ ਮਲਕੀਤ ਸਿੰਘ,ਵਾਸੀ ਢਿਲਵਾਂ ਨਾਭਾ,
ਤਹਿਸੀਲ ਤਪਾ, ਜ਼ਿਲ੍ਹਾ ਬਰਨਾਲਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਗੁਰੂ ਗੋਬਿੰਦ ਸਿੰਘ ਕਾਲਿਜ, ਸੰਘੇੜਾ,ਬਰਨਾਲਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ),
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,
ਈ-ਬਲਾਕ, 7ਵੀਂ ਮੰਜ਼ਿਲ, ਫੇਸ-8,
ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ:2498 ਆਫ 2014**

**ਹਾਜ਼ਰ:**

1) ਅਪੀਲਕਰਤਾ ਵੱਲੋਂ ਸ਼੍ਰੀ ਤੁਸ਼ਾਂਤ ਦੀਪ ਗਰਗ, ਐਡਵੋਕੇਟ (99881-32424)।
2) ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸੁਖਵਿੰਦਰ ਸਿੰਘ, ਸੁਪਰਡੰਟ ਸਮੇਤ ਸ਼੍ਰੀ ਅਰੀਹੰਤ ਗੋਇਲ, ਐਡਵੋਕੇਟ (88721-00053)।

**ਹੁੱਕਮ:-**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 16-01-2014 ਲੋਕ ਸੂਚਨਾ ਅਧਿਕਾਰੀ ਦਫਤਰ ਗੁਰੂ ਗੋਬਿੰਦ ਸਿੰਘ ਕਾਲਿਜ, ਸੰਘੇੜਾ,ਬਰਨਾਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਦਫਤਰ ਗੁਰੂ ਗੋਬਿੰਦ ਸਿੰਘ ਕਾਲਿਜ, ਸੰਘੇੜਾ,ਬਰਨਾਲਾ ਨਾਲ ਸਬੰਧਤ 05 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 07-03-2014 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 22-07-2014 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਉਸ ਸਮੇਂ ਦੇ ਰਾਜ ਸੂਚਨਾ ਕਮਿਸ਼ਨਰ, ਮਾਣਯੋਗ ਸ਼੍ਰੀ ਆਰ. ਐਸ.ਨਾਗੀ, ਜੀ ਵੱਲੋਂ ਮਿਤੀ 10-09-2014 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 18-11-2014 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਇਸ ਕੇਸ ਵਿੱਚ ਪੂਰਵਲੇ ਰਾਜ ਸੂਚਨਾ ਕਮਿਸ਼ਨਰ, ਮਾਣਯੋਗ ਸ਼੍ਰੀ ਆਰ.ਐਸ.ਨਾਗੀ, ਵੱਲੋਂ ਪਾਸ ਕੀਤੇ ਗਏ ਹੁੱਕਮ, ਮਿਤੀ 18-11-2014 ਵਿਰੁੱਧ ਲੋਕ ਸੂਚਨਾ ਅਧਿਕਾਰੀ (ਮੈਨੇਜਿੰਗ ਕਮੇਟੀ, ਗੁਰੂ ਗੋਬਿੰਦ ਸਿੰਘ ਕਾਲਿਜ, ਸੰਘੇੜਾ, ਬਰਨਾਲਾ) ਵੱਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ:1843 ਆਫ 2015 ਦਾਇਰ ਕੀਤੀ ਗਈ ਸੀ। ਮਾਣਯੋਗ ਹਾਈ ਕੋਰਟ ਵੱਲੋਂ ਆਪਣੇ ਹੁੱਕਮ, ਮਿਤੀ 04-02-2015 ਰਾਹੀਂ ਕਮਿਸ਼ਨ ਦੇ ਹੁੱਕਮ, ਮਿਤੀ 18-11-2014 ਤੇ ਰੋਕ ਲਗਾ ਦਿੱਤੀ ਗਈ ਸੀ ਅਤੇ ਰਾਜ ਸੂਚਨਾ ਕਮਿਸ਼ਨ ਵੱਲੋਂ ਆਪਣੇ ਹੁੱਕਮ, ਮਿਤੀ 05-02-2015 ਰਾਹੀਂ ਇਹ ਕੇਸ ਅਣਮਿੱਥੇ ਸਮੇਂ ਲਈ ਮੁਲਤਵੀ (Adjourned to sine-die) ਕਰ ਦਿੱਤਾ ਗਿਆ ਸੀ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਮਿਤੀ 28-09-2018 ਨੂੰ ਰਾਜ ਸੂਚਨਾ ਕਮਿਸ਼ਨ ਨੂੰ ਇਸ ਕੇਸ ਦੀ ਮੁੜ ਸੁਣਵਾਈ ਕਰਨ ਲਈ ਹੁੱਕਮ ਪਾਸ ਕੀਤੇ ਗਏ ਸਨ।ਇਸ ਉਪਰੰਤ ਇਹ ਕੇਸ ਰਜਿਸਟਰੀ ਬਰਾਂਚ ਵਲੋਂ ਮਿਤੀ 23-10-2018 ਨੂੰ ਇਸ ਬੈਂਚ ਨੂੰ ਸੁਣਵਾਈ ਲਈ ਭੇਜਿਆ ਗਿਆ ਸੀ ਅਤੇ ਇਸ ਬੈਂਚ ਵਲੋਂ ਮਿਤੀ 01-11-2018 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਮਿਤੀ 08-01-2019, (ਮੰਗਲਵਾਰ) ਨੂੰ 11.30 ਵਜੇ ਸਵੇਰੇ ਮੁੜ ਸੁਣਵਾਈ ਲਈ ਨਿਸ਼ਚਿਤ ਕੀਤਾ ਗਿਆ ਸੀ। ਦੋਵੇਂ ਧਿਰਾਂ ਦੇ ਨੁਮਾਇੰਦਿਆਂ ਵੱਲੋਂ ਹਾਜ਼ਰ ਹੋ ਕੇ ਆਪਣੇ ਵਕਾਲਤਨਾਮੇ ਪੇਸ਼ ਕੀਤੇ ਗਏ ਅਤੇ ਆਪਣਾ ਪੱਖ ਪੇਸ਼ ਕਰਨ ਲਈ ਕੁੱਝ ਸਮੇਂ ਦੀ ਮੰਗੀ ਕੀਤੀ ਗਈ। ਦੋਵੇਂ ਧਿਰਾਂ ਦੀ ਬੇਨਤੀ ਅਨੁਸਾਰ ਇਹ ਕੇਸ ਅਗਲੀ ਸੁਣਵਾਈ ਮਿਤੀ 13-02-2019 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ ਕੀਤਾ ਗਿਆ ਸੀ।ਇਸ ਉਪਰੰਤ ਅਗਲੀਆਂ ਮਿਤੀਆਂ 13-02-2019,20-03-2019,07-05-2019, 24-06-2019, 15-07-2019, 07-08-2019 ਅਤੇ 04-09-2019 ਤੱਕ ਅਪੀਲਕਰਤਾ ਦੀ ਹਾਜ਼ਰੀ ਘੱਟ ਰਹੀਂ ਅਤੇ ਇਨ੍ਹਾਂ ਮਿਤੀਆਂ ਨੂੰ ਹੋਈ ਕਾਰਵਾਈ ਉਪਰੰਤ ਅਗਲੀ ਮਿਤੀ 17-09-2019 ਨਿਸਚਿਤ ਕੀਤੀ ਗਈ ਸੀ।

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:2498 ਆਫ 2014**

3. ਪਿਛਲੀ ਪੇਸ਼ੀ, ਮਿਤੀ 17-09-2019 ਨੂੰ ਉੱਤਰਦਾਤਾ ਵੱਲੋਂ ਪੇਸ਼ ਕੀਤੀਆਂ ਗਈਆਂ ਦਲੀਲਾਂ ਦੇ ਨਾਲ ਨਾਲ ਦਸਿਆ ਗਿਆ ਕਿ ਉਸ ਵਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਸਿਵਲ ਰਿੱਟ ਪਟਿਸ਼ਨ ਵਿਚ ਦਿੱਤੇ ਗਏ ਉੱਤਰ ਨੂੰ ਹੀ ਜਵਾਬ ਮੰਨਿਆ ਜਾਵੇ, ਜਿਸ ਨੂੰ ਕਮਿਸਨ ਵਲੋਂ ਦਿੱਤੀਆਂ ਗਈਆਂ ਦਲੀਲਾਂ ਰੱਦ ਕੀਤੀਆਂ ਗਈਆਂ ਸਨ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਇਸ ਕੇਸ ਵਿੱਚ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਮੁਤਾਬਿਕ, ਆਰ.ਟੀ.ਆਈ. ਐਕਟ, 2005, ਤਹਿਤ ਬਣਦੀ ਸੂਚਨਾ ਸਬੰਧੀ ਆਪਣਾ ਵਿਸਥਾਰ-ਪੂਰਵਕ, ਨੁੱਕਤਾਵਾਰ, ਤਾਜ਼ਾ (**Fresh**) ਜਵਾਬ ਅਪੀਲਕਰਤਾ ਨੂੰ ਭੇਜ ਕੇ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 16-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਜੋ ਕਿ ਬਾਅਦ ਵਿਚ ਮੁਲਤੱਵੀ ਕਰਕੇ ਮਿਤੀ 17-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

4. ਪੇਸ਼ੀ ਦੀ ਮਿਤੀ 17-10-2019 ਤੇ ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਤੁਸ਼ਾਂਤ ਦੀਪ ਗਰਗ, ਐਡਵੋਕੇਟ ਅਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਰੀਹੰਤ ਗੋਇਲ, ਐਡਵੋਕੇਟ ਨੇ ਇਸ ਕੇਸ ਵਿੱਚ ਆਪਣੀਆਂ ਆਪਣੀਆਂ ਦਲੀਲਾਂ ਅਤੇ ਦਸਤਾਵੇਜ਼ ਪੇਸ਼ ਕੀਤੇ ਗਏ। ਦੋਨਾਂ ਵਕੀਲਾਂ ਵਲੋਂ ਦਿੱਤੇ ਗਏ ਦਸਤਾਵੇਜ਼ ਮਿਸਲ ਤੇ ਰੱਖ ਲਏ ਗਏ ਸਨ। ਇਸ ਮਾਮਲੇ ਤੇ ਡੂੰਘਾਈ ਨਾਲ ਘੋਖ-ਵਿਚਾਰ ਕਰਨ ਲਈ **ਇਹ ਕੇਸ ਰਿਜ਼ਰਵ ਰੱਖਿਆ** ਗਿਆ ਸੀ।

5. ਇਸ ਕੇਸ ਵਿਚ ਕਿਸੇ ਨਤੀਜੇ ਤੇ ਪਹੁੰਚਣ ਤੋਂ ਪਹਿਲਾਂ ਇਕ ਹੋਰ ਮੌਕਾ ਦਿੰਦੇ ਹੋਏ ਦੋਨਾਂ ਧਿਰਾਂ ਦੇ ਵਕੀਲਾਂ ਨੂੰ ਮਿਤੀ 14-11-2019 ਨੂੰ ਟੈਲੀਫੋਨ ਤੇ ਮੈਜਿਸ ਦਿੱਤਾ ਗਿਆ ਸੀ ਕਿ ਜੇਕਰ ਉਹ ਆਪਣਾ ਹੋਰ ਕੋਈ ਪੱਖ ਰੱਖਣਾ ਚਾਹੁੰਦੇ ਹਨ ਤਾਂ ਲਿਖਤੀ ਰੂਪ ਵਿਚ ਰੱਖ ਸਕਦੇ ਹਨ।ਅਪੀਲਕਰਤਾ ਧਿਰ ਦੇ ਵਕੀਲ ਵਲੋਂ ਮਿਤੀ 14-11-2019 ਨੂੰ ਇਸ ਸਬੰਧ ਵਿਚ ਲਿਖਤੀ ਰੂਪ ਵਿਚ ਆਪਣਾ ਪੱਖ ਪੇਸ਼ ਕੀਤਾ ਗਿਆ ਅਤੇ ਉੱਤਰਦਾਤਾ ਧਿਰ ਦੇ ਵਕੀਲ ਵਲੋਂ ਮਿਤੀ 15-11-2019 ਰਾਹੀਂ ਆਪਣੇ ਪਹਿਲੇ ਜਵਾਬ ਦੀ ਲਗਾਤਾਰਤਾ ਵਿਚ ਲਿਖਤੀ ਰੂਪ ਵਿਚ ਆਪਣਾ ਪੱਖ ਪੇਸ਼ ਕੀਤਾ ਗਿਆ। ਜੋ ਮਿਸਲ ਤੇ ਰੱਖ ਲਿਆ ਗਿਆ ਹੈ।

6. ਇਸ ਕੇਸ ਦੇ ਤੱਥਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਵਲੋਂ ਅਪੀਲ ਕੇਸ ਨੰ: 2498/2014 ਅਨੁਸਾਰ ਲੋਕ ਸੂਚਨਾ ਅਫਸਰ ਪਾਸੋ ਹੇਠ ਦਰਸਾਏ ਗਏ 05 ਨੁਕਤਿਆਂ ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਗਈ ਸੀ :

1 ਗੁਰੂ ਗੋਬਿੰਦ ਸਿੰਘ ਕਾਲਜ ਜਿਸ ਟਰੱਸਟ ਵੱਲੋ ਚਲਾਇਆ ਜਾ ਰਿਹਾ ਹੈ, ਉਸ ਟਰੱਸਟ ਦੀ ਟਰੱਸਟ ਡੀਡ ਵਾ ਸਮੇਤ ਉਸ ਦੇ ਮੈਬਰਾਂ ਦੀ ਸੂਚੀ ਪਿਛਲੇ 5 ਸਾਲਾਂ ਵਿੱਚ ਕੀਤੀ ਗਈ ਟਰੱਸਟ ਦੇ ਮੈਬਰਾਂ ਵਿੱਚ ਤਬਦੀਲੀਆਂ ਦੀ ਜਾਣਕਾਰੀ।

2 ਗੁਰੂ ਗੋਬਿੰਦ ਸਿੰਘ ਕਾਲਜ ਜਿਸ ਟਰੱਸਟ ਵੱਲੋ ਬਣਾਇਆ ਗਿਆ ਹੈ, ਉਸ ਮੈਨੇਜਿੰਗ ਕਮੇਟੀ ਦੇ ਮੈਬਰਾਂ ਅਤੇ ਅਹੁਦੇਦਾਰਾਂ ਦੀ ਲਿਸਟ ਦੀ ਕਾਪੀ।

3 ਪਿਛਲੇ 5 ਸਾਲਾਂ ਦੇ ਵਿੱਚ ਜੋ ਮੈਨੇਜਿੰਗ ਕਮੇਟੀ ਦੇ ਮੈਬਰਾਂ ਦਾ ਫੇਰ ਬਦਲ ਹੋਇਆ, ਉਸ ਦੀ ਪੂਰੀ ਜਾਣਕਾਰੀ ਦਿੱਤੀ ਜਾਵੇ।

4 ਤੁਹਡੇ ਕਲਾਜ ਨੂੰ ਪਿਛਲੇ 5 ਸਾਲਾਂ ਵਿੱਚ ਯੂਨੀਵਰਸਿਟੀ ਗਰਾਂਟ ਕਮਿਸਨ ਵੱਲੋ ਅਤੇ ਪੰਜਾਬ ਸਰਕਾਰ ਵੱਲੋ ਮਿਲੀਆਂ ਗਰਾਟਾਂ ਦੀ ਜਾਣਕਾਰੀ ਅਤੇ ਉਹਨਾਂ ਦੇ ਖਰਚ ਸਬੰਧੀ ਵਿਸਥਾਰਪੂਰਵਕ ਜਾਣਕਾਰੀ।

5 ਕਾਲਜ ਨੂੰ ਹੋਰ ਸਾਧਨਾਂ ਤੋ ਹੋਣ ਵਾਲੀ ਆਮਦਨ ਅਤੇ ਖਰਚਾ ਦੀ ਪਿਛਲੇ 5 ਸਾਲਾਂ ਦੀ ਪੂਰੀ ਜਾਣਕਾਰੀ।

ਪਰਤੋ ਜੀ ----ਚਲਦਾ ਪੰਨਾ/3

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਇਸ ਕੇਸ ਦੀ ਸੁਣਵਾਈ ਉਪਰੰਤ ਪੂਰਵਲੇ ਰਾਜ ਸੂਚਨਾ ਕਮਿਸ਼ਨਰ, ਮਾਣਯੋਗ ਸ਼੍ਰੀ ਆਰ.ਐਸ.ਨਾਗੀ, ਵੱਲੋਂ ਪਾਸ ਕੀਤੇ ਗਏ ਹੁੱਕਮ, ਮਿਤੀ 18-11-2014 ਨੂੰ ਉੱਤਰਦਾਤਾ ਧਿਰ ਵੱਲੋ ਮਾਨਯੋਗ ਹਾਈਕੋਰਟ ਵਿੱਚ ਸਿਵਲ ਰਿਟ ਪਟੀਸ਼ਨ ਨੰ: 1843 ਆਫ 2015 ਰਾਹੀਂ ਇਸ ਅਧਾਰ ਤੇ ਚੈਲੈਂਜ ਕੀਤਾ ਗਿਆ ਸੀ ਕਿ ਹੁੱਕਮ ਮਿਤੀ 18-11-2014 ਜੋ ਕਮਿਸ਼ਨ ਵੱਲੋ ਪਾਸ ਕੀਤੇ ਗਏ ਸਨ, ਉਸ ਵਿੱਚ ਉੱਤਰਦਾਤਾ/ਪਟੀਸ਼ਨਰ ਨੂੰ ਸੁਣਵਾਈ ਦਾ ਕੋਈ ਮੌਕਾ ਨਹੀ ਦਿੱਤਾ ਗਿਆ ਸੀ ਅਤੇ ਮਾਨਯੋਗ ਅਦਾਲਤ ਪਾਸ ਇਹ ਵੀ ਦਲੀਲ ਲਈ ਗਈ ਸੀ ਕਿ ਅਪੀਲਕਰਤਾ ਇਕ ਅਪਰਾਧੀ ਪ੍ਰਵਿਤੀ ਦਾ ਵਿਅਕਤੀ ਹੈ ਅਤੇ ਉਹ ਕਾਨੂੰਨ ਦੀ ਦੁਰਵਰਤੋ ਕਰ ਰਿਹਾ ਹੈ। ਮੈਨੇਜਿੰਗ ਕਮੇਟੀ, ਗੁਰੂ ਗੋਬਿੰਦ ਸਿੰਘ ਕਾਲਜ਼ ਵਲੋਂ ਉਕਤ ਅਪੀਲ ਕੇਸ ਨੰ: 2498/2014 ਵਿਚ ਪੂਰਵਲੇ ਰਾਜ ਸੂਚਨਾ ਕਮਿਸ਼ਨਰ, ਮਾਣਯੋਗ ਸ਼੍ਰੀ ਆਰ.ਐਸ.ਨਾਗੀ, ਵੱਲੋਂ ਪਾਸ ਕੀਤੇ ਗਏ ਹੁੱਕਮ, ਮਿਤੀ 18-11-2014 ਵਿਰੁੱਧ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸਿਵਲ **ਰਿਟ ਪਟਿਸ਼ਨ ਨੰ: 1843 ਆਫ 2015 ਦਾਇਰ ਕੀਤੀ** ਗਈ ਸੀ। ਉੱਤਰਦਾਤਾ (ਲੋਕ ਸੂਚਨਾ ਅਫਸਰ) ਗੁਰੂ ਗੋਬਿੰਦ ਸਿੰਘ ਕਾਲਜ ਦੀ ਮੈਨੇਜਮੈਂਟ ਵਲੋਂ ਇਹ ਰਿੱਟ ਪਟਿਸ਼ਨ ਦਾਇਰ ਕਰਦੇ ਸਮੇਂ ਰਿੱਟ ਪਟਿਸਨ ਦੇ ਪੈਰਾ 2 ਵਿਚ ਦਸਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ 43.1/2 ਏਕੜ ਵਿਚ ਵਸਿਆ ਹੋਇਆ ਹੈ ਜ਼ੋ ਟਰਸੱਟ ਵਲੋਂ ਡੋਨੇਟ ਕੀਤੀ ਗਈ ਸੀ। ਇਹ ਟਰੱਸ਼ਟ ਦੀ ਡੀਡ ਪੰਚਾਇਤ ਵਲੋਂ ਮਿਤੀ 21-08-1969 ਨੂੰ ਰਜਿਸਟਰ ਕਰਵਾਈ ਗਈ ਸੀ। ਇਹ ਵੀ ਦਸਿਆ ਗਿਆ ਕਿ ਸਮੇ ਸਮੇਂ ਤੇ ਕਿਸੇ ਟਰਸਟੀ ਦੀ ਮੌਤ ਹੋ ਜਾਣ ਤੇ ਟਰਸੱਟ ਦੇ ਮੈਬਰ ਬਦਲੇ ਜਾਂਦੇ ਹਨ ਅਤੇ ਇਸ ਸਮੇਂ 7 ਟਰਸਟੀ ਹਨ ਜਿਨ੍ਹਾਂ ਦੇ ਨਾਮ ਅਤੇ ਮਿਤੀ ਦਾ ਵੇਰਵਾ ਦਿੱਤਾ ਗਿਆ ਹੈ ਕਿ ਉਹ ਇਸ ਟਰਸੱਟ ਦਾ ਕਦੋਂ ਤੋਂ ਮੈਂਬਰ ਹੈ। ਇਸ ਤੋਂ ਇਲਾਵਾ ਇਹ ਵੀ ਦਸਿਆ ਗਿਆ ਹੈ ਕਿ ਟਰਸੱਟ ਪਾਸ 43.1/2 ਏਕੜ ਜਮੀਨ ਵਿਚੋਂ 29 ਏਕੜ ਜਮੀਨ ਹਰ ਸਾਲ ਪਬਲੀਕ ਆਕਸ਼ਨ ਰਾਹੀਂ ਲੀਜ਼ ਤੇ ਦਿੱਤੀ ਜਾਂਦੀ ਹੈ ਜਿਸ ਤੋਂ ਲਗਭਗ 15 ਲੱਖ ਦੀ ਆਮਦਨ ਹੋ ਜਾਂਦੀ ਹੈ ਅਤੇ ਬਾਕੀ ਦੀ ਜਮੀਨ ਤੇ ਕਾਲਜ ਅਤੇ ਪਲੇਗਰਾਉਂਡਜ਼ ਆਦਿ ਹਨ। ਇਹ ਕਾਲਜ ਪੰਜਾਬੀ ਯੂਨੀਵਰਸਿਟੀ ਨਾਲ ਐਫਿਲੇਟਡ ਹੈ ਅਤੇ ਪੰਜਾਬ ਸਰਕਾਰ ਤੋਂ ਗਰਾਂਟ ਵੀ ਮਿਲਦੀ ਹੈ। ਉੱਤਰਦਾਤਾ ਧਿਰ ਵਲੋਂ ਮਾਨਯੋਗ ਅਦਾਲਤ ਪਾਸ ਇਹ ਵੀ ਦਲੀਲ ਲਈ ਗਈ ਸੀ ਕਿ ਅਪੀਲਕਰਤਾ ਵੱਲੋ ਡਾਕ ਰਾਹੀਂ ਜੋ ਲਿਫਾਫਾ ਸੂਚਨਾ ਲੈਣ ਹਿੱਤ ਅਰਜੀ ਦੱਸ ਕੇ ਭੇਜਿਆ ਸੀ ਉਹ ਖਾਲੀ ਲਿਫਾਫਾ ਨਿਕਲਿਆ ਸੀ, ਜਿਸ ਸਬੰਧੀ ਅਪੀਲਕਰਤਾ ਨੂੰ ਪੱਤਰ ਮਿਤੀ 31-01-2014 ਰਾਹੀਂ ਸੂਚਿਤ ਵੀ ਕਰ ਦਿੱਤਾ ਗਿਆ ਸੀ ਕਿ ਅਪੀਲਕਰਤਾ ਦੀ ਕੋਈ ਅਰਜੀ ਕਾਲਜ ਨੂੰ ਪ੍ਰਾਪਤ ਨਹੀ ਹੋਈ ਜੇਕਰ ਉਹ ਸੂਚਨਾ ਲੈਣਾ ਚਾਹੁੰਦਾ ਹੈ ਤਾਂ ਕਾਲਜ ਉਸਨੂੰ ਸੂਚਨਾ ਦੇਣ ਨੂੰ ਤਿਆਰ ਹੈ । ਪਰ ਅਪੀਲਕਰਤਾ ਵਲੋਂ ਜਵਾਬ ਦਿੱਤੇ ਬਿਨ੍ਹਾਂ ਬੋਗਸ ਪੱਤਰ ਤਿਆਰ ਕਰਦੇ ਹੋਏ ਸੂਚਨਾ ਦੇ ਅਧਿਕਾਰ ਐਕਟ ਅਧੀਨ ਪਹਿਲੀ ਅਪੀਲੀ ਆਥਾਰਟੀ ਪਾਸ ਅਧੂਰੀ ਸੂਚਨਾ ਭੇਜਣ ਸਬੰਧੀ ਅਪੀਲ ਦਾਇਰ ਕਰ ਦਿੱਤੀ ਗਈ ਜਦੋਂ ਕਿ ਕਾਲਜ ਦੇ ਲੋਕ ਸੂਚਨਾ ਅਫਸਰ ਵੱਲੋ ਉਸ ਨੂੰ ਕੋਈ ਸੂਚਨਾ ਨਹੀ ਭੇਜੀ ਗਈ ਸੀ ਬਲਕਿ ਅਪੀਲ ਨਾਲ ਲਗਾਈ ਅਰਜੀ ਦੇ ਨਾਲ ਸੂਚਨਾ ਸਬੰਧੀ ਪੱਤਰ ਦੀ ਕਾਪੀ ਲਗਾਈ ਗਈ ਸੀ ਜਿਸ ਤੇ ਸੂਚਨਾ ਅਫਸਰ ਦੇ ਕੋਈ ਦਸਤਖਤ ਨਹੀ ਸਨ ਅਤੇ ਨਾ ਹੀ ਅਜਿਹੀ ਕੋਈ ਸੂਚਨਾ ਅਪੀਲਕਰਤਾ ਨੂੰ ਭੇਜੀ ਗਈ ਸੀ । ਇਸ ਲਈ ਅਧੂਰੀ ਸੂਚਨਾ ਦੇਣ ਦਾ ਸਵਾਲ ਹੀ ਪੈਦਾ ਨਹੀ ਹੁੰਦਾ ਸੀ ਜਦ ਅਪੀਲਕਰਤਾ ਦੀ ਕੋਈ ਅਰਜੀ ਹੀ ਪ੍ਰਾਪਤ ਨਹੀ ਹੋਈ ਸੀ। ਇਹ ਵੀ ਦਲੀਲ ਲਈ ਗਈ ਸੀ ਕਿ ਕਮਿਸ਼ਨ ਵੱਲੋ ਪਾਸ ਕੀਤੇ ਹੁੱਕਮ ਮਿਤੀ 18-11-2014 ਮੂੰਹ ਬੋਲਦੇ ਹੁਕਮ ਨਹੀ ਸਨ ਅਤੇ ਕੁਦਰਤੀ ਨਿਆਂ ਦੇ ਨਿਯਮਾਂ ਦੀ ਪਾਲਣਾ ਨਹੀ ਕੀਤੀ ਗਈ ਸੀ । ਮਾਨਯੋਗ ਅਦਾਲਤ ਵੱਲੋ ਮੁਢਲੀ ਸੁਣਵਾਈ ਕਰਦੇ ਹੋਏ ਮਿਤੀ 04-02-2015 ਨੂੰ ਨੋਟਿਸ ਆਫ ਮੋਸ਼ਨ ਜਾਰੀ ਕੀਤਾ ਸੀ ਅਤੇ ਨਾਲ ਹੀ ਇਸ ਕਮਿਸ਼ਨ ਦੇ ਹੁੱਕਮ ਮਿਤੀ 18-11-2014 ਅਤੇ ਇਸ ਕਮਿਸ਼ਨ ਪਾਸ ਅਗਲੀ ਕਾਰਵਾਈ ਤੇ ਰੋਕ ਲਗਾ ਦਿੱਤੀ ਸੀ । ਇਸ ਉਪਰੰਤ ਇਸ ਕਮਿਸ਼ਨ ਵੱਲੋ ਇਹ ਅਪੀਲ ਮਾਨਯੋਗ ਹਾਈਕੋਰਟ ਦੇ ਹੁੱਕਮਾਂ ਮਿਤੀ 04-02-2015 ਦੀ ਰੋਸ਼ਨੀ ਵਿੱਚ ਅਣਮਿਥੇ ਸਮੇ ਲਈ ਮੁਲਤਵੀ ਕਰ ਦਿੱਤੀ ਗਈ ਸੀ।

7. ਮਾਨਯੋਗ ਹਾਈਕੋਰਟ ਵੱਲੋ ਉਪਰੋਕਤ ਰਿਟ ਪਟੀਸ਼ਨ ਦਾ ਫੈਸਲਾ ਮਿਤੀ 28-9-18 ਨੂੰ ਕਰਦੇ ਹੋਏ ਹੇਠ ਲਿਖੇ ਅਨੁਸਾਰ ਹੁਕਮ ਪਾਸ ਕੀਤੇ ਸਨ:

***"I, have considered the submissions made by the learned counsel for the parties and on going through the impugned order dated 18.11.14 , it is apparent that the State Information Commission has not given proper opportunity to the petitioner to respond to the document i.e. the application under the RTI Act, which was supplied on the date when the order was passed. The order, it appears, has been passed in haste without fulfilling the mandate of the provisions of natural justice, which would require the parties to give a fair chance to project their respective claims before the authority. The***

ਪਰਤੋ ਜੀ----ਚਲਦਾ ਪੰਨਾ/4

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



***order impugned is also not a speaking order and therefore cannot pass the test of reasonableness.***

***Without further commenting upon the impugned order the said order is set aside. The appeal is ordered to be decided afresh by the State Information Commission, Punjab by giving reasonable opportunities to both the parties as per the provisions of the RTI Act/Rules expeditiously."***

***Let the parties appears before the State Information Commission Punjab on 31-10-2018.***

ਜਿਵੇ ਕਿ ਉਪਰ ਦਸਿਆ ਗਿਆ ਹੈ ਇਸ ਅਪੀਲ ਵਿੱਚ ਅਪੀਲਕਰਤਾ ਵੱਲੋ ਸੂਚਨਾ ਕਾਨੂੰਨ ਤਹਿਤ ਜੋ ਅਰਜੀ ਮਿਤੀ 16-1-14 ਨੂੰ ਦਿੱਤੀ ਗਈ ਸੀ, ਉਸ ਦੀ ਕਾਪੀ ਉਤਰਦਾਤਾ ਵੱਲੋ ਪ੍ਰਾਪਤ ਨਹੀ ਕੀਤੀ ਗਈ ਸੀ ਕਿਉਜੋ ਉਤਰਦਾਤਾ ਦੇ ਦੱਸਣ ਮੁਤਾਬਿਕ ਲਿਫਾਫੇ ਵਿੱਚ ਸਿਰਫ ਖਾਲੀ ਲਿਫਾਫਾ ਨਿਕਲਿਆ ਸੀ ਅਤੇ ਕਾਲਜ ਦੇ ਲੋਕ ਸੂਚਨਾ ਅਫਸਰ ਵੱਲੋ ਅਪੀਲਕਰਤਾ ਨੂੰ ਕੋਈ ਵੀ ਸੂਚਨਾ ਨਹੀ ਭੇਜੀ ਗਈ ਸੀ । ਅਪੀਲਕਰਤਾ ਵਲੋਂ ਪਹਿਲੀ ਅਪਿਲੀ ਆਥਾਰਟੀ ਪਾਸ ਦਾਇਰ ਅਪੀਲ ਸਮੇ ਜ਼ੋ ਅਰਜੀ ਮਿਤੀ 16-1-14 ਨੂੰ ਅਰਜੀ ਪੇਸ਼ ਕੀਤੀ ਗਈ ਸੀ ਵਿਚ ਦੱਸੇ 05 ਨੁਕਤਿਆਂ ਤੇ ਕਾਲਜ ਦੇ ਲੋਕ ਸੂਚਨਾ ਅਧਿਕਾਰੀ ਪਾਸੋ ਸੂਚਨਾ ਦੀ ਮੰਗ ਕੀਤੀ ਗਈ ਸੀ। ਅਪੀਲਕਰਤਾ ਦੀ ਅਰਜੀ ਮਿਤੀ 16-01-2014 ਦੇ ਸਬੰਧ ਵਿਚ ਉੱਤਰਦਾਤਾ ਵਲੋਂ ਆਪਣੇ ਪੱਤਰ ਨੰ: ਜੀ.ਜੀ.ਐਸ.ਸੀ/1655 ਮਿਤੀ 31-01-2014 ਜ਼ੋ ਸ੍ਰੀ ਦੇਵਿੰਦਰ ਸਿੰਘ ਅਪੀਲਕਰਤਾ ਨੂੰ ਸੰਬੋਧਤ ਹੈ ਵਿਚ ਦਸਿਆ ਗਿਆ ਕਿ ਇਸ ਕਾਲਜ ਦਫਤਰ ਨੂੰ ਅਪੀਲਕਰਤਾ ਵਲੋਂ ਭੇਜੀ ਰਜਿਸਟਰਡ ਡਾਕ ਰਾਹੀਂ ਮਿਤੀ 22-01-2014 ਨੂੰ ਪ੍ਰਾਪਤ ਲਿਫਾਫੇ ਵਿਚ ਉਸਦੇ ਪਤੇ ਦਾ ਖਾਲੀ ਰਜਿਸਟਰੀ ਲਿਫਾਫਾ ਪ੍ਰਾਪਤ ਹੋਇਆ ਸੀ ਜਿਸ ਤੇ ਲਿਖੇ ਪਤੇ ਤੋਂ ਜਾਪਦਾ ਹੈ ਕਿ ਉਸਨੇ ਕੋਈ ਆਰ.ਟੀ.ਆਈ. ਐਕਟ ਅਧੀਨ ਸੂਚਨਾਂ ਪ੍ਰਾਪਤ ਕਰਨ ਹਿੱਤ ਭੇਜਿਆ ਹੈ ਪ੍ਰੰਤੂ ਇਸ ਵਿਚੋ ਸੂਚਨਾ ਹਿੱਤ ਕੋਈ ਪ੍ਰਫਾਰਮਾ ਪ੍ਰਾਪਤ ਨਹੀਂ ਹੋਇਆ। ਇਸ ਲਈ ਇਹ ਉਸ ਵਲੋਂ ਭੇਜੇ ਖਾਲੀ ਰਜਿਸਟਰੀ ਲਿਫਾਫੇ ਰਾਹੀਂ ਇਹ ਪੱਤਰ ਲਿਖਕੇ ਬੇਨਤੀ ਕੀਤੀ ਗਈ ਸੀ ਕਿ ਉਹ ਡਾਕ ਰਾਹੀਂ ਜਾਂ ਨਿੱਜੀ ਤੌਰ ਤੇ ਜ਼ੋ ਵੀ ਉਸਨੂੰ ਸੂਚਨਾ ਜਾ ਹੋਰ ਕੋਈ ਕਾਲਜ ਦਫਤਰ ਨਾਲ ਕੰਮ ਹੈ ਸਬੰਧੀ ਲਿਖਤੀ ਭੇਜਿਆ ਜਾਵੇ ਤਾਂ ਜ਼ੋ ਸੂਚਨਾ ਦਿੱਤੀ ਜਾ ਸਕੇ। ਪਰ ਅਪੀਲਕਰਤਾ ਵਲੌਂ ਕੋਈ ਜਵਾਬ ਦੇਣ ਦੀ ਥਾਂ ਮਿਤੀ 07-03-2014 ਨੂੰ ਪਹਿਲੀ ਅਪਿਲੀ ਅਥਾਰਟੀ , ਡੀ.ਪੀ.ਆਈ. (ਕਾਲਜਾ) ਪੰਜਾਬ ਨੂੰ ਅਪੀਲ ਦਾਇਰ ਕੀਤੀ ਗਈ। ਪਹਿਲੀ ਅਥਾਰਟੀ ਵਲੋਂ ਆਪਣੇ ਪੱਤਰ ਮਿਤੀ 02-04-2014 ਰਾਹੀਂ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਕਾਲਜ, ਸੰਘੇੜਾ ਨੂੰ ਅਪੀਲਕਰਤਾ ਦੀ ਅਰਜੀ ਭੇਜਦੇ ਹੋਏ ਬਣਦੀ ਸੂਚਨਾ ਦੇਣ ਲਈ ਲਿਖਿਆ ਗਿਆ। ਇਸ ਸਬੰਧ ਵਿਚ ਉੱਤਰਦਾਤਾ ਕਾਲਜ਼ ਵਲੋਂ ਆਪਣੇ ਪੱਤਰ ਨੰ: ਜੀ.ਜੀ.ਐਸ.ਸੀ./ਆਰ.ਟੀ.ਆਈ./2017 ਮਿਤਹ 06-05-2014 ਰਾਹੀਂ ਡੀ.ਪੀ.ਆਈ.(ਕਾ) ਪੰਜਾਬ ਅਜੀਤਗੜ੍ਹ ਨੂੰ ਦਸਿਆ ਗਿਆ ਕਿ ਸ੍ਰੀ ਦੇਵਿੰਦਰ ਸਿੰਘ ਵਲੋਂ ਆਰ.ਟੀ.ਆਈ. ਸਬੰਧੀ ਉਨ੍ਹਾਂ ਨੂੰ ਰਜਿਸਟਰ ਪੱਤਰ ਮਿਤੀ 22-01-2014 ਨੂੰ ਭੇਜਿਆ ਗਿਆ ਸੀ ਜਿਸ ਉਪਰ ਲੋਕ ਸੂਚਨਾ ਅਧਿਕਾਰੀ ਗੁਰੂ ਗੋਬਿੰਦ ਗਸਿੰਘ ਕਾਲਜ ਸਘੇੜਾ (ਬਰਨਾਲਾ ) ਦਾ ਐਡਰੈਸ ਲਿਖਿਆ ਸੀ ਜਦੋ ਇਹ ਰਜਿਸਟਰ ਲਿਫਾਫਾ ਖੋਲਿਆ ਤਾਂ ਉਸ ਵਿਚ ਉਸਦੇ ਪਤੇ ਦਾ ਇਕ ਖਾਲੀ ਰਜਿਸਟਰਡ ਲਿਫਾਫਾ ਸੀ ਅਤੇ ਪੱਤਰ ਕੋਈ ਨਹੀ ਸੀ ਜਿਸ ਕਰਕੇ ਪਤਾ ਨਹੀ ਲੱਗ ਸਕਿਆ ਕਿ ਕੀ ਸੂਚਨਾ ਮੰਗੀ ਗਈ ਹੈ। ਜਦੋਂ ਅਪੀਲੀ ਅਥਾਰਟੀ ਦੇ ਪੱਤਰ ਰਾਹੀਂ ਅਪੀਲਕਰਤਾ ਸ੍ਰੀ ਦਵਿੰਦਰ ਸਿੰਘ ਵਲੋਂ ਮੰਗੀ ਸੂਚਨਾ ਬਾਰੇ ਘੋਖ ਕੀਤੀ ਤਾਂ ਕਾਲਜ ਦੀ ਮੈਨੇਜਮੈਟ ਦੇ ਪ੍ਰਧਾਨ ਸ੍ਰੀ ਭੋਲਾ ਸਿੰਘ ਵਿਰਕ ਰਾਹੀਂ ਜਾਣਕਾਰੀ ਮਿਲਣ ਤੇ ਪਤਾ ਲਗਾ ਕਿ ਇਸ ਵਿਅਕਤੀ ਨੇ ਸਾਲ 2010 ਵਿਚ ਸ੍ਰੀ ਭੋਲਾ ਸਿੰਘ ਵਿਰਕ ਤੇ ਜਾਨਲੇਵਾ ਹਮਲਾ ਕੀਤਾ ਸੀ ਅਤੇ ਅਪੀਲਕਰਤਾ ਵਿਰੁੱਧ ਰਿਪਟ ਨੰ: 26 ਮਿਤੀ 31-08-2010 ਵੀ ਦਰਜ ਕਰਵਾਇਆ ਗਿਆ ਸੀ , ਜਿਸਦੇ ਆਧਾਰ ਤੇ ਸ੍ਰੀ ਭੋਲਾ ਸਿੰਘ ਵਿਰੱਕ ਵਲੋਂ ਵੀ ਮਿਤੀ 26-11-2010 ਨੂੰ ਐਸ.ਐਸ.ਪੀ. ਬਰਨਾਲਾ ਪਾਸ ਸ਼ਿਕਾਇਤ/ ਦਰਖਾਸਤ ਦਿੱਤੀ ਗਈ ਸੀ ਕਿ ਸ੍ਰੀ ਦੇਵਿੰਦਰ ਸਿੰਘ ਇਕ ਅਪਰਾਧਿਕ ਪਿਛੋਕੜ ਦਾ ਵਿਅਕਤੀ ਹੈ ਅਤੇ ਇਸ ਦੇ ਖਿਲਾਫ ਅਪਰਾਧਿਕ ਮਾਮਲੇ ਦਰਜ ਹਨ ਅਤੇ ਉਹ ਸ੍ਰੀ ਭੋਲਾ ਸਿੰਘ ਵਲੋਂ ਵੀ ਕਿ ਪ੍ਰਧਾਨ ਕਾਲਜ ਮੈਨੇਜਿੰਗ ਕਮੇਟੀ ਨੂੰ ਜਾਨੀ ਨੁਕਸਾਨ ਪਹੁੰਚਾ ਸਕਦਾ ਹੈ। ਇਸ ਲਈ ਅਪਰਾਧਿਕ ਪਿਛਕੜ ਵਾਲੇ ਵਿਅਕਤੀ ਨੂੰ ਇਸ ਕਿਸਮ ਦੀ ਜਾਣਕਾਰੀ ਦੇਣੀ ਨਹੀਂ ਬਣਦੀ। ਇਹ ਵੀ ਦਸਿਆ ਗਿਆ ਕਿ ਇਹ ਮੰਗੀ ਗਈ ਸੂਚਨਾ ਦਾ ਸਬੰਧ ਤੀਜੀ ਧਿਰ ਨਾਲ ਹੈ। ਇਸ ਉਪਰੰਤ ਅਪੀਲਕਰਤਾ ਵਲੋਂ ਕਮਿਸ਼ਨ ਪਾਸ ਦੂਜੀ ਅਪੀਲ ਦਾਇਰ ਕੀਤੀ ਗਈ ਸੀ ਜਿਸ ਸਬੰਧੀ ਵੇਰਵਾ ਉਪਰ ਦਿੱਤਾ ਗਿਆ ਹੈ ਕਿ ਇਸ ਵਿਰੁੱਧ ਉੱਤਰਦਾਤਾ ਵਲੋਂ ਰਿਟ ਪਟਿਸ਼ਨ ਦਾਇਰ ਕੀਤੀ ਗਈ ਜਿਸ ਵਿਚ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ

ਪਰਤੋ ਜੀ----ਚਲਦਾ ਪੰਨਾ/5

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਦੇ ਹੁਕੱਮਾਂ ਉਪਰੰਤ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਗਈ।

8. ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਉੱਤਰ ਵਿਚ ਉਪਰ ਦੱਸੇ ਅਨੁਸਾਰ, ਉਪਰੋਕਤ ਰਿਟ ਪਟੀਸ਼ਨ ਵਿੱਚ ਲਏ ਗਏ ਸਟੈਡ ਨੂੰ ਮੁੜ ਦੁਹਰਾਇਆ ਗਿਆ ਅਤੇ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਲੋਕ ਹਿੱਤ ਵਿੱਚ ਨਹੀ ਬਲਕਿ ਨਿੱਜੀ ਸੁਆਰਥਾਂ ਕਾਰਨ ਮੰਗੀ ਗਈ ਸੀ ਜੋ ਕਿ ਦਿੱਤੀ ਜਾਣੀ ਨਹੀ ਬਣਦੀ ਅਤੇ ਨਾ ਹੀ ਅਪੀਲਕਰਤਾ ਵੱਲੋ ਕਿਸੇ ਤਰ੍ਹਾਂ ਇਹ ਸਾਬਤ ਕੀਤਾ ਗਿਆ ਹੈ ਕਿ ਉਤਰਦਾਤਾ ਕਾਲਜ ਦੇ ਟਰੱਸਟ ਦੀ ਮੈਨੇਜਮੈਂਟ ਤੇ ਕੰਟਰੋਲ ਸਰਕਾਰ ਦਾ ਹੈ ਅਤੇ ਉਨ੍ਹਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਜੋ ਕਿ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ Thalappalam Service Cooperative Bank Ltd. and others Vs. State of Kerla and others 2013(4) RCR (Civil) 912 ਅਨੁਸਾਰ ਅਪੀਲਕਰਤਾ ਦਾ ਫਰਜ ਬਣਦਾ ਸੀ ਕਿ ਉਹ ਇਹ ਸਾਬਤ ਕਰੇ ਕਿ ਉਤਰਦਾਤਾ ਕਾਲਜ ਦਾ ਟਰੱਸਟ ਇੱਕ ਪਬਲਿਕ ਅਥਾਰਿਟੀ ਹੈ । ਉਤਰਦਾਤਾ ਧਿਰ ਵੱਲੋ ਇਹ ਵੀ ਦਲੀਲ ਆਪਣੇ ਜਵਾਬ ਵਿੱਚ ਲਈ ਗਈ ਹੈ ਕਿ ਅਪੀਲਕਰਤਾ ਵੱਲੋ ਮੰਗੀ ਗਈ ਸੂਚਨਾ ਦਾ ਸਬੰਧ ਕਿਸੇ ਲੋਕ ਹਿੱਤ ਨਾਲ ਨਹੀ ਹੈ ਅਤੇ ਇਸ ਸਬੰਧੀ ਸੂਚਨਾ ਐਕਟ ਦੀ ਧਾਰਾ 8(1)(ਜੇ) ਦਾ ਹਵਾਲਾ ਦਿੰਦੇ ਹੋਏ ਇਹ ਕਿਹਾ ਗਿਆ ਹੈ ਕਿ ਮੰਗੀ ਗਈ ਸੂਚਨਾ ਨਿੱਜੀ ਸੂਚਨਾ ਹੈ ਅਤੇ ਜਿਸ ਦਾ ਸਬੰਧ ਕਿਸੇ ਲੋਕ ਹਿੱਤ ਨਾਲ ਨਹੀ ਹੈ ਅਤੇ ਉਹ ਸੂਚਨਾ ਲੈ ਕੇ ਸਿਰਫ ਕਾਲਜ ਦੇ ਪ੍ਰਧਾਨ ਨੂੰ ਤੰਗ ਕਰਨਾ ਚਾਹੁੰਦਾ ਹੈ । ਉੱਤਰਦਾਤਾ ਨੇ ਅੱਗੇ ਇਹ ਦਲੀਲ ਲਈ ਹੈ ਕਿ ਮਾਨਯੋਗ ਹਾਈਕੋਰਟ ਵਿੱਚ ਐਲ.ਪੀ.ਏ ਨੰ 456 ਆਫ 2017 ਪੁਨੀਤ ਕੁਮਾਰ ਬਨਾਮ ਰਾਜ ਸੂਚਨਾ ਕਮਿਸ਼ਨ ਹਰਿਆਣਾ ਵਿੱਚ ਇਹ ਫੈਸਲਾ ਕੀਤਾ ਹੈ ਕਿ ਅਜਿਹੇ ਕੇਸਾਂ ਵਿੱਚ ਸੂਚਨਾ ਤਾਂ ਹੀ ਦਿੱਤੀ ਜਾਣੀ ਬਣਦੀ ਹੈ ਜੇਕਰ ਉਸ ਵਿੱਚ ਵੱਡਾ ਲੋਕ ਹਿੱਤ ਸ਼ਾਮਿਲ ਹੋਵੇ ਅਤੇ ਅਪੀਲਕਰਤਾ ਅਧਿਕਾਰ ਦੇ ਤੌਰ ਤੇ ਇਹ ਸੂਚਨਾ ਦੀ ਮੰਗ ਨਹੀ ਕਰ ਸਕਦਾ । ਉਤਰਦਾਤਾ ਧਿਰ ਵੱਲੋ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸਿਵਲ ਰਿਟ ਪਟੀਸ਼ਨ ਨੰ 9873 ਆਫ 2015 ਵਿੱਚ ਹੋਏ ਫੈਸਲੇ ਮਿਤੀ 3-10-16 ਦੀ ਕਾਪੀ ਵੀ ਪੇਸ਼ ਕੀਤੀ ਜਿਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋ ਇਹ ਕਿਹਾ ਗਿਆ ਹੈ ਕਿ ਪਹਿਲਾਂ ਤਾਂ ਸੂਚਨਾ ਅਧਿਕਾਰ ਅਧੀਨ ਚਲ ਰਹੇ ਕੇਸਾਂ ਵਿੱਚ ਇਹ ਸਾਬਤ ਕੀਤਾ ਜਾਣਾ ਹੈ ਕਿ ਉਤਰਦਾਤਾ ਧਿਰ ਸੂਚਨਾ ਐਕਟ ਦੀ ਧਾਰਾ 2(ਐਚ) ਅਧੀਨ ਪਬਲਿਕ ਅਥਾਰਿਟੀ ਹੈ ਜਾਂ ਨਹੀ ਜੋ ਕਿ ਅਧਿਕਾਰ ਖੇਤਰ ਸਬੰਧੀ ਇਕ ਮੁੱਢਲਾ ਮੁੱਦਾ ਹੈ ਅਤੇ ਰਿਟ ਪਟੀਸ਼ਨ ਨੰ 456 ਆਫ 2017 ਵਿੱਚ ਹੋਏ ਫੈਸਲੇ ਦਾ ਹਵਾਲਾ ਦਿੰਦੇ ਹੋਏ ਇਹ ਵੀ ਦਲੀਲ ਲਈ ਗਈ ਹੈ ਕਿ ਜੇਕਰ ਅਪੀਲਕਰਤਾ ਵੱਲੋ ਨੇਕ ਨੀਤੀ ਨਾਲ ਸੂਚਨਾ ਦੀ ਮੰਗ ਨਹੀ ਕੀਤੀ ਅਤੇ ਮੰਗੀ ਗਈ ਸੂਚਨਾ ਇੱਕ ਹਨੇਰੇ ਦੀ ਖੋਜ ਹੈ ਅਤੇ ਜਿਸ ਦਾ ਸਬੰਧ ਲੋਕ ਹਿੱਤ ਨਾਲ ਨਹੀ ਹੈ ਅਤੇ ਇਸ ਲਈ ਅਪੀਲਕਰਤਾ ਨੂੰ ਕੋਈ ਸੂਚਨਾ ਦਿੱਤੀ ਜਾਣੀ ਨਹੀ ਬਣਦੀ।

9. ਅਪੀਲਕਰਤਾ ਦੇ ਵਕੀਲ ਸ੍ਰੀ ਤੁਸ਼ਾਂਤ ਦੀਪ ਗਰਗ, ਐਡਵੋਕੇਟ ਵਲੋਂ ਅਪਣੀਆਂ ਦਲੀਲਾਂ ਪੇਸ਼ ਕਰਦੇ ਹੋਏ ਦਸਿਆ ਗਿਆ ਕਿ ਉਨ੍ਹਾਂ ਵਲੋਂ ਆਰ.ਟੀ.ਆਈ. ਅਧੀਨ ਜੋ ਸੂਚਨਾ ਮੰਗੀ ਗਈ ਹੈ ਉਸਦਾ ਉੱਤਰਦਾਤਾ ਵਲੋਂ ਪੇਸ਼ ਕੀਤੀਆਂ ਗਈਆਂ ਦਲੀਲਾਂ ਕਿ ਅਪੀਲਕਰਤਾ ਦਾ ਉੱਤਰਦਾਤਾ ਕਾਲਜ਼ ਦੇ ਪ੍ਰਧਾਨ ਸ੍ਰੀ ਭੋਲਾ ਸਿੰਘ ਵਿਰੱਕ ਨਾਲ ਕੋਈ ਕੇਸ ਚਲਦਾ ਹੈ ਇਕ ਵੱਖ ਮਾਮਲਾ ਹੈ। ਅਪੀਲਕਰਤਾ ਦੇ ਵਕੀਲ ਵਲੋਂ ਬਹਿਸ ਦੋਰਾਨ ਇਹ ਵੀ ਕਿਹਾ ਕਿ ਉਸ ਕੇਸ ਵਿਚੋਂ ਬੱਰੀ ਹੋ ਚੁੱਕਾ ਹੈ, ਉਹ ਕੇਸ ਝੂਠਾ ਸੀ ਅਤੇ ਆਰ.ਟੀ.ਆਈ. ਦੀ ਅਰਜੀ ਨਾਲ ਉਸਦਾ ਕੋਈ ਸਬੰਧ ਨਹੀਂ। ਅਪੀਲਕਰਤਾ ਵਲੋਂ ਬੇਨਤੀ ਕੀਤੀ ਗਈ ਕਿ ਉਸਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ।

## ਹੁਕੱਮ

ਅਪੀਲਕਰਤਾ ਅਤੇ ਉੱਤਰਦਾਤਾ ਵਲੋਂ ਮਿਤੀ 17-10-2019 ਨੂੰ ਪੇਸੀ ਦੋਰਾਨ ਦਿੱਤੀਆਂ ਗਈਆਂ ਦਲੀਲਾਂ ਅਤੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਤੇ ਮਿਤੀ 14-11-2019 ਅਤੇ 15-11-2019 ਨੂੰ ਕ੍ਰਮਵਾਰ ਅਪੀਲਕਰਤਾ ਅਤੇ ਉੱਤਰਦਾਤਾ ਵਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਘੋਖਣ ਉਪਰੰਤ ਕਮਿਸ਼ਨ ਇਸ ਸਿੱਟੇ ਤੇ ਪੁਜਾ ਹੈ ਕਿ ਅਪੀਲਕਰਤਾ ਸ੍ਰੀ ਦਵਿੰਦਰ ਸਿੰਘ ਅਤੇ ਸ੍ਰੀ ਭੋਲਾ ਸਿੰਘ ਪ੍ਰਧਾਨ ਮੈਨੇਜਮੈਂਟ ਕਮੇਟੀ ਦਾ ਨਿੱਜੀ ਝਗੜਾ ਪੁਰਾਣਾ ਚਲਦਾ ਹੈ ਜਿਸ ਦਾ ਜ਼ਿਕਰ ਦੋਨਾਂ ਵਕੀਲਾਂ ਨੇ ਕੀਤਾ ਹੈ। ਕਮਿਸ਼ਨ ਇਹ ਸਮਝਦਾ ਹੈ ਕਿ ਭਾਂਵੇ ਨਿੱਜੀ ਗੱਲਾਂ ਨੂੰ ਆਰ.ਟੀ.ਆਈ. ਨਾਲ ਸਬੰਧਤ ਨਹੀਂ ਕੀਤਾ ਜਾ ਸਕਦਾ, ਪਰ **ਸ੍ਰੀ ਦਵਿੰਦਰ ਸਿੰਘ ਵਲੋਂ ਜਿਵੇਂ ਖਾਲੀ ਲਿਫਾਫਾ ਭੇਜਿਆ ਗਿਆ, ਫਿਰ ਕਾਲਜ਼ ਵਲੋਂ** ਉਸਨੂੰ ਲਿਖੇ ਗਏ ਪੱਤਰ ਮਿਤੀ 31-01-2014 ਕਿ ਤੁਸੀਂ ਕੀ ਲੈਂਣਾਂ ਚਾਹੁੰਦੇ ਹੋ ਕਾਲਜ਼ ਨਾਲ ਸੰਪਰਕ ਕਰਕੇ ਦਸਿਆ ਜਾਵੇ। ਅਪੀਲਕਰਤਾ ਦਾ ਇਸ ਪ੍ਰਤੀ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:2498 ਆਫ 2014**

ਗੰਭੀਰ ਨਾ ਹੋ ਕੇ ਕਾਲਜ ਨੂੰ ਦੱਸਕੇ ਜਾਣਕਾਰੀ ਲੈਣ ਦੀ ਬਜਾਏ ਸਿੱਧੇ ਪਹਿਲੀ ਅਪੀਲੀ ਅਥਾਰਟੀ ਕੋਲ ਚਲੇ ਜਾਣਾ ਅਤੇ ਕਾਲਜ਼ ਵਲੋਂ( ਜ਼ਾਹਲੀ ) ਜਾਣਕਾਰੀ ਦਾ ਪੱਤਰ ਭੇਜਦੇ ਹੋਏ ਨਾਲ ਨੱਥੀ ਕਰਨਾ ਕਿ ਇਹ ਅਧੂਰੀ ਜਾਣਕਾਰੀ ਦਿੱਤੀ ਗਈ ਹੈ। ਜਿਸ ਤੇ ਨਾ ਤਾਂ ਕਿਸੇ ਅਧਿਕਾਰੀ ਦੇ ਹਸਤਾਖਰ ਹਨ ਅਤੇ ਨਾ ਹੀ ਕੋਈ ਨੰਬਰ ਲਗਿਆ ਹੋਇਆ ਹੈ ਇਹ ਸਾਬਤ ਕਰਦਾ ਹੈ ਕਿ ਅਪੀਲਕਰਤਾ ਦਵਿੰਦਰ ਸਿੰਘ ਇਹ ਕੰਮ ਕਾਲਜ਼ ਨੂੰ ਪ੍ਰੇਸਾਨ ਕਰਨ ਲਈ ਹੀ ਕਰ ਰਿਹਾ ਸੀ।

ਜਿਥੋਂ ਤੱਕ ਮੰਗੀ ਗਈ ਜਾਣਕਾਰੀ ਦਾ ਸਬੰਧ ਹੈ ਪਹਿਲੇ ਤਿੰਨ ਨੁਕਤਿਆਂ ਜਿਨ੍ਹਾਂ ਵਿਚ ਟਰੱਸ਼ਟ ਅਤੇ ਮੈਨੇਜ਼ਮੈਂਟ ਕਮੇਟੀ ਬਾਰੇ ਪੁਛਿਆ ਗਿਆ ਹੈ ਉਨ੍ਹਾਂ ਦਾ ਉੱਤਰ ਉੱਤਰਦਾਤਾ ਧਿਰ ਵਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸਿਵਲ ਰਿੱਟ ਪਟਿਸ਼ਨ ਨੰ: 1843 ਆਫ 2015 ਦਾਇਰ ਕਰਨ ਸਮੇਂ ਪੂਰਾ ਵੇਰਵਾ ਦਿੱਤਾ ਗਿਆ ਹੈ ਜ਼ੋ ਅਪੀਲਕਰਤਾ ਦੇ ਵਕੀਲ ਨੂੰ ਮਿਲ ਚੁੱਕਾ ਹੈ ਕਿ ਟਰੱਸ਼ਟ ਕਦੋਂ ਬਣਿਆ ਸੀ ਅਤੇ ਇਸਦੀ ਪ੍ਰਾਪਰਟੀ ਕੀ ਹੈ, ਆਮਦਨ ਕੀ ਹੈ, ਇਸ ਵੇਰਵੇ ਨਾਲ ਨੁਕਤਾ ਨੰ: 1,2,3 ਅਤੇ 5 ਦਾ ਉੱਤਰ ਬਕਾਇਦਾ ਦੇ ਦਿੱਤਾ ਗਿਆ ਹੈ ਅਤੇ ਨੁਕਤਾ ਨੰ:4, ਯੂਨੀਵਰਸਿਟੀ ਗਰਾਂਟ ਕਮਿਸ਼ਨ ਵਲੋਂ ਅਤੇ ਪੰਜਾਬ ਸਰਕਾਰ ਵਲੋਂ ਮਿਲੀਆਂ ਗਰਾਂਟਾ ਬਾਰੇ ਵੈਵਸਾਇਟ ਤੇ ਵੇਰਵਾ ਦਿੱਤਾ ਹੋਇਆ ਹੈ ਜਿਸ ਸਬੰਧੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਵਾਬ ਦਾਹਵੇ ਵਿਚ ਦਿੱਤਾ ਗਿਆ ਹੈ। ਇਸ ਤਰ੍ਹਾਂ ਅਪੀਲਕਰਤਾ ਨੂੰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮਾਧਿਅਮ ਰਾਹੀਂ ਸਾਰੀ ਜਾਣਕਾਰੀ ਉੱਤਰਦਾਤਾ ਵਲੋਂ ਦੇ ਦਿੱਤੀ ਗਈ ਹੈ। ਮੇਰੇ ਪਾਸ ਚਲਦੇ ਕੇਸ ਸਮੇ ਜਿਵੇਂ ਅਪੀਲਕਰਤਾ ਦੇ ਵਕੀਲ ਨੇ ਕਈ ਸਮੇਂ ਦੀ ਮਗ ਕੀਤੀ ਗਈ ਉਥੋਂ ਵੀ ਅਪੀਲਕਰਤਾ ਗੰਭੀਰ ਨਹੀਂ ਸੀ ਲਗਦਾ। ਇਸ ਕਰਕੇ ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਨੇ ਆਪਣੇ ਇਕ ਫੈਸਲੇ Chenialvaraya Naidu V/s Jagan Nath Haryana Rent Reporter, Vol. 12 page 1 ਵਿਚ ਫੈਸਲਾ ਕਰਦੇ ਹੋਏ ਇਹ ਆਦੇਸ਼ ਦਿੱਤੇ ਹਨ ਕਿ ਜਿਸ ਵਿਅਕੱਤੀ ਦਾ ਕੇਸ ਝੂਠ ਅਤੇ ਫਰੇਬ ਦੇ ਆਧਾਰ ਤੇ ਹੋਵੇ ਉਸ ਨੂੰ ਅਦਾਲਤ ਪਾਸ ਕੇਸ ਕਰਨ ਦਾ ਕੋਈ ਹੱਕ ਨਹੀਂ ਅਤੇ ਉਸਦਾ ਕੇਸ ਸਮੀਰ ਤਰੀਕੇ ਨਾਲ ਕਿਸੇ ਵੀ ਸਟੇਜ਼ ਤੇ ਰੱਦ ਕੀਤਾ ਜਾ ਸਕਦਾ ਹੈ । ਮੌਜੂਦਾ ਕੇਸ ਵਿਚ ਵੀ ਖਾਲੀ ਲਿਫਾਫਾ ਭੇਜ਼ ਕੇ ਸੂਚਨਾ ਕਾਨੂੰਨ ਤਹਿਤ ਅਰਜੀ ਭੇਜੀ ਗਈ ਸੀ, ਉੱਤਰਦਾਤਾ ਨੂੰ ਭੇਜੀ ਗਈ ਅਰਜੀ ਪ੍ਰਾਪਤ ਨਹੀਂ ਹੋਈ ਫਿਰ ਵੀ ਅਪੀਲਕਰਤਾ ਵਲੋਂ ਮੌਜੂਦਾ ਅਪੀਲ ਦਾਇਰ ਕਰਦੇ ਹੋਏ ਬਿਨਾਂ ਹਸਤਾਖਰ ਦੇ ਫਰਜ਼ੀ ਉੱਤਰ ਨੱਥੀ ਕੀਤਾ ਗਿਆ ਕਿ ਉਸ ਨੂੰ ਅਧੂਰੀ ਸੂਚਨਾ ਦਿੱਤੀ ਗਈ ਹੈ।

ਉਪਰੋਕਤ ਸਥਿਤੀ ਮੁਤਾਬਿਕ ਸਾਬਤ ਹੁੰਦਾ ਹੈ ਕਿ ਇਹ ਅਪੀਲ ਕੇਸ ਵੀ ਝੂਠ ਅਤੇ ਫਰੇਬ ਦੇ ਆਧਾਰ ਤੇ ਪਾਇਆ ਗਿਆ ਹੈ ਜ਼ੋ ਮੁਢਲੇ ਤੌਰ ਤੇ ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਦੇ ਆਧਾਰ ਤੇ ਰੱਦ ਕਰਨਾ ਬਣਦਾ ਹੈ।

ਉਪਰੋਕਤ ਅਨੁਸਾਰ ਸਾਰੇ ਵਿਚਾਰੇ ਗਏ ਕੇਸ ਵਿਚ ਅਪੀਲਕਰਤਾ ਨੂੰ ਜਾਣਕਾਰੀ ਵੀ ਮਿਲ ਚੁੱਕੀ ਹੈ ਅਤੇ ਉਸਦਾ ਕੇਸ ਵੀ ਝੂਠ ਅਤੇ ਫਰੇਬ ਦੇ ਆਧਾਰ ਤੇ ਹੈ, ਇਸ ਕਰਕੇ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ ਕੇਸ ਬੰਦ ਕਰਕੇ ਦਾਖਲ ਦਫਤਰ ਕੀਤਾ ਜਾਂਦਾ ਹੈ। ਦੋਨਾਂ ਧਿਰਾਂ ਨੂੰ ਹੁਕੱਮਾਂ ਦੀਆਂ ਕਾਪੀਆਂ ਭੇਜ਼ ਦਿਤੀਆਂ ਜਾਣ।

(ਨਿਧੜੱਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ ਪੰਜਾਬ।

ਮਿਤੀ 19-12-2019